<u>ਇੰਟਰਨੈੱਟ ਸਹਾਇਤਾ ਗਾਈਡ</u>

One Source ਨੂੰ ਵਰਤਣਾ

ਜਦੋਂ ਤਕ ਤੁਹਾਡੇ ਡਿਵਾਈਸ 'ਤੇ ਇੰਟਰਨੈਟ ਕਨੈਕਸ਼ਨ ਹੈ, ਤੁਸੀਂ ਪਹਿਲਾਂ ਵੈੱਬ ਬ੍ਰਾਊਜ਼ਰ ਖੋਲ੍ਹ ਕੇ ਇਸ 'ਤੇ ਇੰਟਰਨੈਟ ਦੀ ਵਰਤੋਂ ਕਰ ਸਕਦੇ ਹੋ। ਹੇਠਾਂ ਇੰਟਰਨੈਟ ਦੀ ਵਰਤੋਂ ਕਰਨ ਲਈ ਵਰਤੇ ਜਾਂਦੇ ਸਭ ਤੋਂ ਪ੍ਰਸਿੱਧ ਡਿਵਾਈਸ, ਅਤੇ ਉਨ੍ਹਾਂ ਦੇ ਨਾਲ ਉਹਨਾਂ ਦੇ ਵੈੱਬ ਬ੍ਰਾਊਜ਼ਰ ਦਿੱਤੇ ਗਏ ਹਨ। ਕਿਸੇ ਲੈਪਟਾਪ 'ਤੇ ਤੁਹਾਡੇ ਕੋਲ ਇੱਕ ਪਹਿਲਾਂ ਤੋਂ ਹੀ ਡਾਊਨਲੋਡ ਕੀਤਾ ਵੈੱਬ ਬ੍ਰਾਊਜ਼ਰ ਹੋਣਾ ਚਾਹੀਦਾ ਹੈ, ਪਰ ਸਮਾਰਟਫੋਨ ਅਤੇ ਟੇਬਲੇਟਾਂ (ਜਿਵੇਂ ਕਿ iPad) 'ਤੇ ਤੁਹਾਨੂੰ ਉਨ੍ਹਾਂ ਵਿੱਚੋਂ ਕੁਝ ਨੂੰ ਉਹਨਾਂ ਦੇ ਸੰਬੰਧਿਤ ਐਪ ਸਟੋਰਾਂ ਤੋਂ ਡਾਊਨਲੋਡ ਕਰਨਾ ਪੈ ਸਕਦਾ ਹੈ।

<u>Windows ਲੈਪਟਾਪ</u> – Internet Explorer, Google Chrome, Microsoft Edge

<u>Android</u> (ਟੈਬਲੇਟ ਜਾਂ ਸਮਾਰਟਫੋਨ) – Internet app, google chrome

<u>Apple</u> (iPhone, iPad ਜਾਂ Mac) – Safari, Google Chrome

ਇਕ ਇੰਟਰਨੈਟ ਵੈੱਬ ਬ੍ਰਾਊਜ਼ਰ ਨੂੰ ਖੋਲ੍ਹ ਕੇ, ਸਿਖਰ 'ਤੇ ਵੈੱਬ ਐਡਰੈੱਸ ਬਾਰ 'ਤੇ ਕਲਿਕ ਕਰੋ ਅਤੇ ਇਹ ਟਾਈਪ ਕਰੋ: **ejti.login.em3.oraclecloud.com** - ਫਿਰ One Source ਦੀ ਵੈਬਸਾਈਟ ਨੂੰ ਲੋਡ ਕਰਨ ਲਈ ਐਂਟਰ/ਸਰਚ 'ਤੇ ਕਲਿਕ ਕਰੋ।



<u>One Source ਇੰਟਰਾਨੈਟ ਲਿੰਕ</u>: go.Walsall.gov.uk/OneSource

ਈਮੇਲ ਪਤਾ ਸਥਾਪਤ ਕਰਨਾ

ਜੇ ਤੁਸੀਂ ਆਨਲਾਈਨ ਲਗਭਗ ਕੁਝ ਵੀ ਕਰਨ ਜਾ ਰਹੇ ਹੋ ਤਾਂ ਤੁਹਾਨੂੰ ਇੱਕ ਈਮੇਲ ਪਤੇ ਦੀ ਲੋੜ ਹੋਏਗੀ, ਕਿਉਂਕਿ ਇਹ ਉਹ ਤਰੀਕਾ ਹੋਵੇਗੀ ਜਿਸ ਦੁਆਰਾ ਤੁਸੀਂ ਲੌਗ-ਇਨ ਅਤੇ ਪੁਸ਼ਟੀਕਰਨ ਪ੍ਰਾਪਤ ਕਰਦੇ ਹੋ ਕਿ ਤੁਹਾਡੇ ਲਈ ਖਾਤੇ ਸਥਾਪਤ ਕਰ ਦਿੱਤੇ

ਗਏ ਹਨ। ਤੁਸੀਂ ਮੁਫ਼ਤ ਸਾਈਨ-ਅਪ ਕਰ ਸਕਦੇ ਹੋ ਅਤੇ ਈ-ਮੇਲ ਖਾਤਿਆਂ ਦੀ ਵਰਤੋਂ ਕਰ ਸਕਦੇ ਹੋ, ਜਿਵੇਂ ਕਿ ਹੇਠਾਂ ਦਿੱਤੇ ਗਏ ਹਨ। ਆਪਣੇ ਇੰਟਰਨੈਟ ਡਿਵਾਈਸ 'ਤੇ ਇੱਕ ਇੰਟਰਨੈਟ ਬ੍ਰਾਊਜ਼ਰ ਖੋਲ੍ਹੋ ਅਤੇ ਹੇਠਾਂ ਦਿੱਤੇ ਵੈਬਸਾਈਟ ਪਤਿਆਂ ਵਿਚੋਂ ਇੱਕ ਟਾਈਪ ਕਰੋ। ਇਹ ਤੁਹਾਨੂੰ ਖਾਤਾ ਬਣਾਉਣ ਵਾਲੀ ਵੈਬਸਾਈਟ 'ਤੇ ਲੈ ਜਾਵੇਗਾ।

Gmail – accounts.google.com/signup

Yahoo – login.yahoo.com/account

Hotmail – signup.live.com

ਜਦੋਂ ਤੁਸੀਂ ਈਮੇਲ ਪਤਾ ਬਣਾ ਲੈਂਦੇ ਹੋ, ਕਿਰਪਾ ਕਰਕੇ One Source ਸਹਾਇਤਾ ਟੀਮ ਨੂੰ 01922 650472 'ਤੇ ਫੋਨ ਕਰਕੇ ਇਸ ਬਾਰੇ ਸੂਚਿਤ ਕਰੋ। ਫਿਰ ਉਹ ਤੁਹਾਨੂੰ ਇੱਕ ਤਸਦੀਕੀ ਈਮੇਲ ਭੇਜਣਗੇ ਤਾਂ ਜੋ ਤੁਸੀਂ One Source ਤੱਕ ਪਹੁੰਚਣ ਲਈ ਸਾਈਨ-ਅਪ ਕਰ ਸਕੋ।

ਮਦਦਗਾਰ ਲਿੰਕ

ਇੰਟਰਨੈਟ 'ਤੇ ਨਵੇਂ ਹੋ? ਇੰਟਰਨੈਟ ਦੀ ਵਰਤੋਂ ਕਰਨ, ਆਨਲਾਈਨ ਸੁਰੱਖਿਆ ਅਤੇ ਸਭ ਤੋਂ ਪ੍ਰਸਿੱਧ ਟੈਕਨਾਲੋਜੀ ਦੀ ਵਰਤੋਂ ਕਰਨ ਦਾ ਤਰੀਕਾ ਜਾਣਨ ਲਈ GCF Global ਅਤੇ Get Safe Online ਦੇ ਹੇਠਾਂ ਦਿੱਤੇ ਲਿੰਕ ਦੇਖੋ:

- edu.gcfglobal.org/en/subjects/tech
- getsafeonline.org/new-to-internet
- getsafeonline.org/personal/articles/safe-internet-use